# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 09 ਮਈ 2024 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ "ਮੈਂ ਜੱਲ੍ਹਿਆਂ ਵਾਲਾ ਬਾਗ ਬੋਲਦਾਂ ਦੀ ਬੁਲੰਦ ਪੇਸ਼ਕਾਰੀ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 9 ਮਈ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ "ਮੈਂ ਜੱਲ੍ਹਿਆਂ ਵਾਲਾ ਬਾਗ ਬੋਲਦਾਂ ਦੀ ਬੁਲੰਦ ਪੇਸ਼ਕਾਰੀ ਪਸਾਰ ਸਿੱਖਿਆ ਡਾਇਰੈਕਟੋਰੇਟ ਵੱਲੋ ਡਾ. ਕੇਸ਼ੋ ਰਾਮ ਸੋਸਾਇਟੀ ਵੱਲੋਂ ਡਾ. ਅਨਿਲ ਸ਼ਰਮਾ ਦੀ ਨਿਰਦੇਸ਼ਨਾ ਹੇਠ ਡਾ. ਮਨਮੋਹਨ ਸਿੰਘ ਆਡੀਟੋਰੀਅਮ ਵਿੱਚ ਕੀਤਾ ਗਿਆ। ਵਿਸ਼ਾਲ ਪੇਸ਼ਕਾਰੀ ਸਮਾਗਮ ਦੀ ਪ੍ਰਧਾਨਗੀ ਵਾਈਸ



ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਜੀ ਨੇ ਕੀਤੀ। ਪਸਾਰ ਸਿੱਖਿਆ ਨਿਰਦੇਸ਼ਕ ਡਾ. ਮੱਖਣ ਸਿੰਭ ਭੁੱਲਰ ਨੇ ਸੁਆਗਤੀ ਸ਼ਬਦ ਕਹੇ। ਇਸ ਨਾਟਕ ਵਿੱਚ 70 ਤੋਂ ਵੱਧ ਯੂਨੀਵਰਸਿਟੀ ਕਲਾਕਾਰਾਂ ਨੇ ਹਿੱਸਾ ਲਿਆ। ਡਾ. ਕੇਸ਼ੋ ਰਾਮ ਸੋਸਾਇਟੀ ਦੇ ਸਰਪ੍ਰਸਤ ਕਰਨਲ ਜਸਜੀਤ ਸਿੰਘ ਗਿੱਲ ਤੇ ਪ੍ਰੋ. ਗੁਰਭਜਨ ਸਿੰਘ ਗਿੱਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਨਾਟਕ ਨੂੰ ਵੇਖਣ ਲਈ ਵਿਦਿਆਰਥੀਆਂ ਤੋਂ ਇਲਾਵਾ ਯੂਨੀਵਰਸਿਟੀ ਅਧਿਆਪਕ ਕਰਮਚਾਰੀ ਪਰਿਵਾਰ ਤੇ ਸ਼ਹਿਰ ਵਾਸੀ ਵੀ ਹੁਮ ਹੁਮਾ ਕੇ ਪੁੱਜੇ। ਇਸ ਮੌਕੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਵਾਈਸ ਚਾਂਲਰ ਡਾ. ਸਤਿਬੀਰ ਸਿੰਘ ਗੋਸਲ , ਡਾ. ਮੱਖਣ ਸਿੰਘ ਭੁੱਲਰ ਤੇ ਪੰਜਾਬੀ ਲੇਖਕ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ ਨੇ ਡਾ. ਸਤਿੰਦਰਜੀਤ ਸਿੰਘ ਸਨੀ ਪੱਖੋਕੇ ਤੇ ਜਗਮੀਤ ਸਿੰਘ ਵੱਲੋਂ ਗੁਰਭਜਨ ਗਿੱਲ ਦੀਆਂ ਚੋਣਵੀਆਂ ਗ਼ਜ਼ਲਾਂ ਦੀ ਪੁਸਤਕ "ਇਤਫ਼ਾਕ" ਨੂੰ ਲੋਕ ਅਰਪਣ ਕਰਕੇ ਇਸ ਦੀਆਂ ਕਾਪੀਆਂ ਸਭ ਕਲਾਕਾਰਾਂ ਨੂੰ ਭੇਂਟ ਕੀਤੀਆਂ ਗਈਆਂ।

## ਵੋਟਾਂ ਸਮੇਂ ਸਿਆਸੀ ਲੀਡਰਾਂ ਤੋਂ ਗੰਭੀਰ ਮਸਲਿਆਂ ਦੇ ਹੱਲ ਮੰਗਦਾ ਗੀਤ ਪੁਛੋ ਤੁਸੀਂ ਪੁਛੋ ਸਮਾਜ ਨੂੰ ਹਲੂਣਦੇ ਗੀਤ ਦਾ ਫਿਲਮਾਂਕਣ ਪੂਰਾ ਹੋਇਆ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 9 ਮਈ : ਲੋਕ ਗਾਇਕ ਬਲਧੀਰ ਮਾਹਲਾ ਪੰਜਾਬੀ ਸਾਹਿਤਕ, ਸੱਭਿਆਚਾਰਕ ਤੇ ਸਮਾਜਿਕ ਗਾਇਕੀ ਦਾ ਸਿਰਨਾਵਾਂ ਹੈ। ਉਹਨੇ ਜਿੰਨਾਂ ਵੀ ਗਾਇਆ ਹੈ ਸਾਰਥਿਕ ਗਾਇਆ ਹੈ ਉਹ ਪੰਜਾਬੀ ਮਾਂ ਬੋਲੀ ਦਾ ਸਪੂਤ ਹੈ ਤੇ ਸਦਾ ਮਾਂ ਬੋਲੀ ਲਈ ਮੱਲ੍ਹਮ ਬਣਿਆ ਹੈ।

ਬਲਧੀਰ ਮਾਹਲਾ ਆਫਿਸ਼ੀਅਲ ਚੈਨਲ ਦੇ ਪ੍ਰੈਸ ਸਕੱਤਰ ਅਤੇ ਮੀਡੀਆ ਸਲਾਹਕਾਰ ਸ਼੍ਰੀ ਧਰਮ ਪ੍ਰਵਾਨਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀ ਲੋਕ ਗਾਇਕ ਬਲਧੀਰ ਮਾਹਲਾ ਦਾ ਨਵਾ ਸਿੰਗਲ ਟਰੈਕ ਪੁੱਛੋ ਤੁਸੀ ਪੁੱਛੋ ਜਿਹੜਾ ਕਿ ਸਿਆਸੀ ਲੀਡਰਾਂ ਦੇ ਲਾਰੇ, ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ, ਨਸ਼ੇ, ਬੇਰੁਜ਼ਗਾਰੀ, ਲੁੱਟਾਂ ਖੋਹਾਂ, ਮਜ਼ਦੂਰਾਂ ਕਿਸਾਨਾਂ ਦੇ ਮਸਲੇ ਤੇ ਹੋਰ ਬੜਾ ਕੁੱਝ ਦੇ ਸਵਾਲਾਂ ਦੇ ਜਵਾਬ ਮੰਗਦੇ ਲੋਕਾਂ ਦੀ ਆਵਾਜ਼ ਹੈ ਸਧਾਰਨ ਸ਼ਬਦਾਂ ਵਿੱਚ ਸਮਾਜ ਨੂੰ ਹਲੂਣਿਆਂ ਗਿਆ ਹੈ ਕਿ ਅਜੇ ਵੀ ਵੇਲਾ ਹੈ ਜਾਗੋ ਪੁੱਛੋ ਤੁਸੀਂ ਪੁੱਛੋ ਆਪਣੇ ਮਸਲਿਆਂ ਦੇ ਹੱਲ ਪੁੱਛੋ। ਬਲਧੀਰ ਮਾਹਲਾ ਦੀ ਕਲਮ ਤੇ ਆਵਾਜ਼ ਨੂੰ ਸੰਗੀਤਕਾਰ ਸੰਨੀ ਸੈਵਨ ਨੇ ਆਪਣੀ ਮਧਰ ਸੰਗੀਤਕ ਧੁਨਾਂ ਦੀ ਲੜੀ ਵਿੱਚ ਪਰੋ ਕੇ ਤਿਆਰ ਕੀਤਾ ਹੈ।

ਉੱਘੇ ਗੀਤਕਾਰ ਤੇ ਵਿਦਵਾਨ ਕੰਵਲਜੀਤ ਸਿੰਘ ਢਿੱਲੋਂ ਦੀ ਸੁਪ੍ਰਸਤੀ ਵਿੱਚ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਢੁੱਡੀ ਜ਼ਿਲ੍ਹਾ ਫਰੀਦਕੋਟ ਵਿਖੇ ਫਿਲਮਾਂਕਣ ਸਪੰਨ ਕਰ ਲਿਆ ਗਿਆ ਹੈ ਜਿਸ ਨੂੰ ਬਹੁਤ ਹੀ ਜਲਦੀ ਕੌਮੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਬਲਧੀਰ ਮਾਹਲਾ ਆਫਸ਼ੀਅਲ ਯੂ ਟਿਊਬ ਚੈਨਲ 'ਤੇ ਅੰਤਰ ਰਾਸ਼ਟਰੀ ਪੱਧਰ ਉੱਤੇ ਰਿਲੀਜ਼ ਕੀਤਾ ਜਾ ਰਿਹਾ ਹੈ। ਵੱਖ ਵੱਖ ਥਾਵਾਂ ਤੇ ਫਿਲਮਾਏ ਇਸ ਗੀਤ ਦੇ ਪ੍ਰਸਿੱਧ ਵੀਡੀਓ ਨਿਰਦੇਸ਼ਕ ਗੁਰਬਾਜ ਗਿੱਲ ਅਤੇ ਰਾਜ ਮਾਨ ਦੀ ਨਿਰਦੇਸ਼ਨਾ ਹੇਠ ਹਰ ਇੱਕ ਸੀਨ ਨੂੰ ਬੜੀ ਬਾਰੀਕੀ ਨਾਲ ਫ਼ਿਲਮਾਇਆ ਗਿਆ ਹੈ। ਡੀ ਓ ਪੀ ਮਿਸਟਰ ਬੰਟੂ ਹੈ। ਵੱਖ ਵੱਖ ਭੂਮਿਕਾਵਾਂ ਵਿੱਚ ਪੁਰਾਣੇ ਅਤੇ ਨਵੇਂ ਕਲਾਕਾਰ ਗੁਰਵਿੰਦਰ ਧਿੰਗੜਾ, ਅਮਰਜੀਤ ਸੇਖੋਂ, ਧਰਮ ਪ੍ਰਵਾਨਾ, ਹਰਪਾਲ ਪਾਲੀ, ਜਗਤਾਰ ਸਿੱਧੂ ਤਿੰਨ ਕੋਣੀ, ਰਾਜੂ ਸੰਘਾ, ਜ਼ੇ ਪੀ ਸਿੰਘ, ਪ੍ਰਿੰਸ, ਲਖਵਿੰਦਰ, ਬੱਬੂ ਬਰਾੜ, ਬਿੰਦਰ ਪ੍ਰਧਾਨ, ਬਲਵਿੰਦਰ ਕਲਸੀ ਤੇ ਰਮਨ ਮਾਨ ਆਦਿ ਨੇ ਆਪੋ ਆਪਣੇ ਕਿਰਦਾਰ ਬਹੁਤ ਖ਼ੂਬਸੂਰਤੀ ਨਾਲ ਨਿਭਾਏ ਹਨ।

## ਪੀ ਏ ਯੂ ਦੇ ਸੇਵਾ ਮੁਕਤ ਅਧਿਆਪਕ ਗੁਰਭਜਨ ਗਿੱਲ ਦੀਆਂ ਚੋਣਵੀਆਂ ਗ਼ਜ਼ਲਾਂ ਦਾ ਸੰਗ੍ਰਹਿ " ਇਤਫ਼ਾਕ" ਵਾਈਸ ਚਾਂਸਲਰ ਡਾ਼ ਸ ਸ ਗੋਸਲ ਤੇ ਸਾਥੀਆਂ ਵੱਲੋ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 9 ਮਈ : ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਡਾ. ਮਨਮੋਹਨ ਸਿੰਘ ਆਡੀਟੋਰੀਅਮ ਵਿਖੇ ਨਾਟਕ " ਮੈ ਜੱਲ੍ਹਿਆਂ ਵਾਲਾ ਬਾਗ ਬੋਲਦਾਂ" ਦੀ ਪੇਸ਼ਕਾਰੀ ਉਪਰੰਤ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵਿੱਚੋਂ ਸੇਵਾ ਮੁਕਤ ਅਧਿਆਪਕ ਤੇ ਚੰਗੀ ਖੇਤੀ ਮਾਸਿਕ ਪੱਤਰ ਦੇ ਸੀਨੀਅਰ ਸੰਪਾਦਕ ਪ੍ਰੋ. ਗੁਰਭਜਨ ਸਿੰਘ ਗਿੱਲ ਦੀਆਂ ਚੋਣਵੀਆਂ ਗ਼ਜ਼ਲਾਂ ਦਾ ਸੰਗ੍ਰਹਿ " ਇਤਫ਼ਾਕ" ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ਼ ਸਤਿਬੀਰ ਸਿੰਘ ਗੋਸਲ,ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ, ਡਾ. ਕੇਸ਼ੋ ਰਾਮ ਸੋਸਾਇਟੀ ਦੇ ਸਰਪ੍ਰਸਤ ਕਰਨਲ ਜਸਜੀਤ ਸਿੰਘ ਭੁੱਲਰ, ਖੇਤੀਬਾੜੀ ਕਾਲਿਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ, ਪਸਾਰ ਸਿੱਖਿਆ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ,ਪੰਜਾਬੀ ਸਾਹਿੱਤ ਅਕਾਡਮੀ ਦੇ ਮੀਤ ਪ੍ਰਧਾਨ ਤ੍ਰੈਲੋਚਨ ਲੋਚੀ, ਸੰਚਾਰ ਕੇਂਦਰ ਦੇ ਡਿਪਟੀ ਡਾਇਰੈਕਟਰ (ਰੇਡੀਓ ਤੇ ਟੀ ਵੀ)ਡਾ. ਅਨਿਲ ਸ਼ਰਮਾ, ਪੰਜਾਬ ਕਲਚਰਲ ਸੋਸਾਇਟੀ ਦੇ ਪ੍ਰਧਾਨ ਤੇ ਫਿਲਮ ਨਿਰਦੇਸ਼ਕ ਰਵਿੰਦਰ ਰੰਗੂਵਾਲ ਤੇ ਉੱਘੇ ਹਾਕੀ ਖਿਡਾਰੀ ਸ. ਅਜੈਪਾਲ ਸਿੰਘ ਪੂਨੀਆ ਵੱਲੋ ਲੋਕ ਅਰਪਣ ਕੀਤੀ ਗਈ।

ਇਸ ਮੌਕੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੀ ਸਾਹਿੱਤਕ ਵਿਰਾਸਤ ਨੂੰ ਵਡਿਆਉਂਦਿਆਂ ਕਿਹਾ ਕਿ ਇਸ ਧਰਤੀ ਤੇ ਇਕੱਲਾ ਵਿਗਿਆਨ ਹੀ ਨਹੀਂ ਸਗੋਂ ਸਾਹਿੱਤ ਵੀ ਵਿਕਸਤ ਹੋਇਆ ਹੈ। ਡਾ. ਮ ਸ ਰੰਧਾਵਾ ਜੀ ਨੇ ਇਸ ਯੂਨੀਵਰਸਿਟੀ ਵਿੱਚ ਯੁਗ ਕਵੀ ਪ੍ਰੋ. ਮੋਹਨ ਸਿੰਘ , ਸ. ਕੁਲਵੰਤ ਸਿੰਘ ਵਿਰਕ, ਅਜਾਇਬ ਚਿਤਰਕਾਰ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਗੁਲਜ਼ਾਰ ਸਿੰਘ ਸੰਧੂ,ਕ੍ਰਿਸ਼ਨ ਅਦੀਬ, ਡਾ. ਸੁਰਜੀਤ ਪਾਤਰ ਸਮੇਤ ਅਨੇਕਾਂ ਲੇਖਕਾਂ ਨੂੰ ਸਨਮਾਨਿਤ ਪਦਵੀਆਂ ਤੇ ਨਿਯੁਕਤ ਕਰਕੇ ਇਸ ਸੰਸਥਾ ਨੂੰ ਸਾਹਿੱਤ ਦਾ ਮੁੱਖ ਕੇਂਦਰ ਵੀ ਬਣਾਇਆ। ਭਾਵੇਂ ਪਹਿਲਾਂ ਵੀ ਇਸ ਮਹਾਨ ਸੰਸਥਾ ਵਿੱਚ ਡਾ. ਵਿਦਿਆ ਭਾਸਕਰ ਅਰੁਣ, ਡਾ. ਸ ਸ ਦੋਸਾਂਝ, ਡਾ. ਸ ਨ ਸੇਵਕ ਤੇ ਡਾ਼ ਸਾਧੂ ਸਿੰਘ ਵਰਗੇ ਸਾਹਿੱਤ ਸਾਧਕ ਯੂਨੀਵਰਸਿਟੀ ਸੇਵਾ ਵਿੱਚ ਆ ਚੁਕੇ ਸਨ ਪਰ ਸਾਹਿੱਤਕ ਮਾਹੌਲ ਦੀ ਉਸਾਰੀ ਕਰਨ ਵਿੱਚ ਡਾ. ਰੰਧਾਵਾ ਦਾ ਕੋਈ ਮੁਕਾਬਲਾ ਨਹੀਂ ਸੀ।

ਪ੍ਰੋ਼ ਗੁਰਭਜਨ ਸਿੰਘ ਗਿੱਲ ਨੇ ਵੀ ਇਸ ਯੂਨੀਵਰਸਿਟੀ ਦੀ ਸਾਹਿੱਤਕ ਪਛਾਣ ਅੱਗੇ ਵਧਾਉਣ ਵਿੱਚ ਉੱਘਾ ਯੋਗਦਾਨ ਪਾਇਆ। ਮੈਨੂੰ ਮਾਣ ਹੈ ਕਿ ਅਸੀਂ ਲਗਪਗ ਤੀਹ ਸਾਲ ਸਹਿਕਰਮੀ ਰਹੇ ਹਾਂ। ਉਨ੍ਹਾਂ ਵੱਲੋਂ ਸਾਡੇ ਕਲਾਕਾਰ ਵਿਦਿਆਰਥੀਆਂ ਲਈ "ਇਤਫ਼ਾਕ"ਦੀਆਂ 70 ਕਾਪੀਆਂ ਭੇਂਟ ਕਰਨਾ ਚੰਗੀ ਸ਼ੁਰੂਆਤ ਹੈ। ਇਸ ਨਾਲ ਨਵੀਂ ਪੀੜ੍ਹੀ ਆਪਣੇ ਵੱਡਿਆਂ ਦੇ ਸਿਰਜੇ ਸਾਹਿੱਤ ਤੋਂ ਜਾਣੂੰ ਹੋ ਸਕੇਗੀ।

ਇਸ ਮੌਕੇ ਗੁਰਭਜਨ ਗਿੱਲ ਨੇ ਕਿਹਾ ਕਿ ਇਸ ਯੂਨੀਵਰਸਿਟੀ ਵਿੱਚ ਸੇਵਾ ਦੌਰਾਨ ਲਗਪਗ ਨੌਂ ਵਾਈਸ ਚਾਂਸਲਰ ਸਾਹਿਬਾਨ, ਸਾਥੀ ਅਧਿਆਪਕਾਂ ਕੇ ਵਿਦਿਆਰਥੀਆਂ ਵੱਲੋਂ ਮਿਲੇ ਮਾਣ ਦਾ ਹੀ ਪ੍ਰਤਾਪ ਹੈ ਕਿ ਇਥੇ ਬਾਰ ਬਾਰ ਆਉਣ ਨੂੰ ਹੁਣ ਵੀ ਦਿਲ ਤਾਂਘਦਾ ਹੈ। ਉਨ੍ਹਾਂ ਪਸਾਰ ਸਿੱਖਿਆ ਡਾਇਰੈਕਟਰ ਡਾ. ਮੱਖਣ ਸਿੰਘ ਭੁੱਲਰ ਤੇ ਡਾ. ਅਨਿਲ ਸ਼ਰਮਾ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਨਾਟਕ ਪੇਸ਼ਕਾਰੀ ਬਹਾਨੇ ਏਨੀ ਚੰਗੀ ਸੰਗਤ ਦੇ ਰੂ ਬਰੂ ਹੋਣ ਦਾ ਮੌਕਾ ਦਿੱਤਾ ਹੈ।

ਡਾ. ਅਨਿਲ ਸ਼ਰਮਾ ਨੇ ਦੱਸਿਆ ਕਿ ਪ੍ਰੋ਼ ਗੁਰਭਜਨ ਸਿੰਘ ਗਿੱਲ ਹੁਣ ਤੀਕ

ਸ਼ੀਸ਼ਾ ਝੂਠ ਬੋਲਦਾ ਹੈ ,ਹਰ ਧੁਖਦਾ ਪਿੰਡ ਮੇਰਾ ਹੈ,ਸੁਰਖ਼ ਸਮੁੰਦਰ ,ਦੋ ਹਰਫ਼ ਰਸੀਦੀ,ਅਗਨ ਕਥਾ,ਮਨ ਦੇ ਬੂਹੇ ਬਾਰੀਆਂ ,ਧਰਤੀ ਨਾਦ ,ਖ਼ੈਰ ਪੰਜਾਂ ਪਾਣੀਆਂ ਦੀ ,ਫੁੱਲਾਂ ਦੀ ਝਾਂਜਰ,ਪਾਰਦਰਸ਼ੀ ,ਮੋਰਪੰਖ,ਮਨ ਤੰਦੂਰ,ਤਾਰਿਆਂ ਦੇ ਨਾਲ ਗੱਲਾਂ ਕਰਦਿਆਂ,ਗੁਲਨਾਰ,ਮਿਰਗਾਵਲੀ ,ਰਾਵੀ,ਸੁਰਤਾਲ ,ਚਰਖ਼ੜੀ,ਪਿੱਪਲ ਪੱਤੀਆਂ (ਗੀਤ ਸੰਗ੍ਰਹਿ ), ਜਲ ਕਣ ਪੱਤੇ ਪੱਤੇ ਲਿਖੀ ਇਬਾਰਤ(ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿਤਰਾਂ ਵਾਲੀ ਕੌਫੀ ਟੇਬਲ ਕਿਤਾਬ) ਤੇ ਪਿਛਲੇ ਪੰਜਾਹ ਸਾਲ ਦੌਰਾਨ ਲਿਖੀਆਂ ਗ਼ਜ਼ਲਾਂ ਦਾ ਵੱਡ ਆਕਾਰੀ ਗ਼ਜ਼ਲ ਸੰਗ੍ਰਹਿ "ਅੱਖਰ ਅੱਖਰ" ਵੀ ਛਪ ਚੁਕੀ ਹੈ। ਇਹ ਗੁਰਭਜਨ ਗਿੱਲ ਵੱਲੋਂ ਲਿਖੀਆਂ 900 ਗ਼ਜ਼ਲਾਂ ਵਿੱਚੋਂ ਚੋਣਵੀਆਂ 106 ਗ਼ਜ਼ਲਾਂ ਦੀ ਸੱਜਰੀ ਕਿਤਾਬ ਹੈ ਜੋ "ਇਤਫ਼ਾਕ"ਨਾਮ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਖੋਜੀ ਵਿਦਵਾਨ ਡਾ. ਸਤਿੰਦਰਜੀਤ ਸਿੰਘ ਸਨੀ ਪੱਖੋ ਕੇ ਅਤੇ ਬੀ ਬੀ ਕੇ ਡੀਏ ਵੀ ਕਾਲਿਜ ਅੰਮ੍ਰਿਤਸਰ ਦੇ ਅਧਿਆਪਕ ਪ੍ਰੋ. ਜਗਮੀਤ ਸਿੰਘ ਨੇ ਸੰਪਾਦਿਤ ਕੀਤੀ ਹੈ।ਉਨ੍ਹਾਂ ਪੇਸ਼ ਨਾਟਕ " ਮੈਂ ਜੱਲ੍ਹਿਆਂ ਵਾਲਾ ਬਾਗ ਬੋਲਦਾਂ" ਦੇ ਸਮੂਹ ਕਲਾਕਾਰਾਂ ਤੇ ਸਹਿਯੋਗੀਆਂ ਲਈ 70 ਕਿਤਾਬਾਂ ਭੇਂਟ ਕਰਨ ਦਾ ਧੰਨਵਾਦ ਕੀਤਾ।

## ਵੇਰਕਾ ਦੇ ਉਤਪਾਦ ਪੰਜਾਬ ਕਿੰਗਜ਼ ਦੇ ਦਿੱਗਜ ਖਿਡਾਰੀਆਂ ਦੀਆਂ ਤਸਵੀਰਾਂ ਨਾਲ ਨਵੀਂ ਦਿੱਖ ਚ ਪੇਸ਼

### ਵੇਰਕਾ ਆਈ ਪੀ ਐਲ ਦੇ 17ਵੇਂ ਸੰਸਕਰਨ ਲਈ ਅਧਿਕਾਰਤ ਡੇਅਰੀ ਪਾਰਟਨਰ ਦੀ ਹੈਸੀਅਤ ਵਿੱਚ ਪੰਜਾਬ ਕਿੰਗਜ਼ ਨਾਲ ਜੁੜਿਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 9 ਮਈ : ਵੇਰਕਾ ਦੇ ਦੁੱਧ ਪਦਾਰਥ ਮਾਰਕੀਟ ਵਿੱਚ ਹੁਣ ਨਵੀਂ ਦਿੱਖ ਨਾਲ ਪੇਸ਼ ਕੀਤੇ ਗਏ ਹਨ। ਵੇਰਕਾ ਵੱਲੋਂ ਆਪਣੇ ਦੁੱਧ ਦੇ ਪੈਕਟਾਂ ਤੇ ਹੋਰ ਪਦਾਰਥਾ ਦੇ ਨਾਲ ਸਭ ਟੈਂਕਰਾਂ ਅਤੇ ਦੁੱਧ ਪਦਾਰਥ ਸਪਲਾਈ ਵਾਹਨਾਂ ਤੇ ਆਈ ਪੀ ਐਲ ਦੇ ਰੰਗ ਵਿੱਚ ਰੰਗੇ ਦਿਖਾਈ ਦੇ ਰਹੇ ਹਨ। ਵੇਰਕਾ ਦੇ ਆਈ ਪੀ ਐਲ ਨਾਲ ਸ਼ੁਰੂ ਕੀਤੀ ਨਵੀਂ ਬਰਾਂਡਿਗ ਨੂੰ ਅੱਜ ਵੇਰਕਾ ਮਿਲਕ ਪਲਾਂਟ ਵਿਖੇ ਜਨਰਲ ਮੈਨੇਜਰ ਡਾ ਸੁਰਜੀਤ ਸਿੰਘ ਭਦੌੜ ਨੇ ਅੱਜ ਲਾਂਚ ਕੀਤਾ। ਵੇਰਕਾ ਦੇ ਉਤਪਾਦਾਂ ਵਿੱਚ ਪੰਜਾਬ ਕਿੰਗਜ਼ ਦੇ ਦਿੱਗਜ ਖਿਡਾਰੀਆਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ, ਜਿਸ ਨਾਲ ਕ੍ਰਿਕਟ ਪ੍ਰੇਮੀਆਂ, ਪ੍ਰਸ਼ੰਸਕਾਂ ਅਤੇ ਵੇਰਕਾ ਬ੍ਰਾਂਡ ਦੇ ਵਫ਼ਾਦਾਰ ਗਾਹਕਾਂ ਵਿੱਚ ਉਤਸ਼ਾਹ ਅਤੇ ਰੁਝੇਵੇਂ ਵਿੱਚ ਵਾਧਾ ਹੋਵੇਗਾ।

ਵੇਰਕਾ ਜਿਹੜਾ ਪੰਜਾਬ ਦਾ ਦੁੱਧ ਅਤੇ ਦੁੱਧ ਉਤਪਾਦਾਂ ਦਾ ਇੱਕ ਮਸ਼ਹੂਰ ਬ੍ਰਾਂਡ ਹੈ ਜਿਹੜਾ ਮਾਰਚ ਤੋਂ ਸ਼ੁਰੂ ਹੋਏ ਇੰਡੀਅਨ ਪ੍ਰੀਮੀਅਰ ਲੀਗ (I P L) ਦੇ 17ਵੇਂ ਸੰਸਕਰਨ ਲਈ ਅਧਿਕਾਰਤ ਡੇਅਰੀ ਪਾਰਟਨਰ ਦੀ ਹੈਸੀਅਤ ਵਿੱਚ ਪੰਜਾਬ ਕਿੰਗਜ਼ ਨਾਲ ਜੁੜਿਆ ਹੋਇਆ ਹੈ।

ਮਿਲਕ ਪਲਾਂਟ ਲੁਧਿਆਣਾ ਦੇ ਜਨਰਲ ਮੈਨੇਜਰ ਡਾ ਸੁਰਜੀਤ ਸਿੰਘ ਭਦੌੜ ਨੇ ਦੱਸਿਆ ਕਿ ਟੀ-20 ਸੀਜ਼ਨ ਦੇ ਉਤਸ਼ਾਹ ਦੇ ਵਿਚਕਾਰ, ਪੰਜਾਬ ਕਿੰਗਜ਼ ਅਤੇ ਵੇਰਕਾ ਵਿਚਕਾਰ ਗੱਠਜੋੜ ਨੇ ਗੁਣਵੱਤਾ, ਭਾਈਚਾਰਕ ਭਾਵਨਾ ਅਤੇ ਸਾਂਝੇ ਮੁੱਲਾਂ 'ਤੇ ਮਜ਼ਬੂਤ ਫੋਕਸ ਦੇ ਨਾਲ ਲੀਗ ਦੇ ਤਜ਼ਰਬੇ ਨੂੰ ਭਰਪੂਰ ਬਣਾਉਣ ਦਾ ਵਾਅਦਾ ਕੀਤਾ ਹੈ ।

ਜਿਸ ਤਰ੍ਹਾਂ ਪੰਜਾਬ ਕਿੰਗਜ਼ ਕ੍ਰਿਕੇਟ ਦੇ ਮੈਦਾਨ 'ਤੇ ਲਗਾਤਾਰ ਮਾਣ ਵਧਾਉਂਦੇ ਹਨ, ਵੇਰਕਾ ਡੇਅਰੀ ਕਿਸਾਨਾਂ ਦੇ ਸਮਾਜਿਕ-ਆਰਥਿਕ ਉਦੇਸ਼, ਡੇਅਰੀ ਉਤਪਾਦਨ ਵਿੱਚ ਉੱਤਮਤਾ ਅਤੇ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਦਰਾਂ 'ਤੇ ਦਾ ਸੁਰੱਖਿਅਤ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਇਹ ਸਾਂਝੇਦਾਰੀ ਬਹੁਤ ਅੱਗੇ ਵਧਣ ਵਾਲੀ ਹੈ। ਜੀ ਐਮ ਡਾ ਭਦੌੜ ਨੇ ਦੱਸਿਆ ਕਿ ਵੇਰਕਾ ਪ੍ਰਤੀ ਦੁੱਧ ਉਤਪਾਦਕ ਕਿਸਾਨਾਂ ਦਾ ਰੁਝਾਨ ਜਿਥੇ ਵਧਿਆ ਹੈ ਉਥੇ ਵੇਰਕਾ ਦੇ ਦੁੱਧ ਪਦਾਰਥਾਂ ਦੇ ਗਾਹਕਾਂ ਵਿੱਚ ਇਸਨੇ ਮਕਬੂਲੀਅਤ ਹਾਸਲ ਕੀਤੀ ਹੈ।

## ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਈ ਮਹੀਨੇ ਦੀ ਸਾਹਿਤਕ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ 9 ਮਈ : ਪੰਜਾਬੀ ਲਿਖਾਰੀ ਸਭਾ ਰਾਮਪੁਰ ਦੀ ਮਾਸਿਕ ਮੀਟਿੰਗ ਸਭਾ ਦੀ ਲਾਇਬ੍ਰੇਰੀ ਦੇ ਸੈਮੀਨਾਰ ਹਾਲ ਵਿਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਦੀ ਪ੍ਰਧਾਨਗੀ ਹੇਠ ਹੋਈ। ਇਕੱਤਰਤਾ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਅਨਿਲ ਫ਼ਤਿਹਗੜ੍ਹ ਜੱਟਾਂ ਨੇ ਆਏ ਲੇਖਕਾਂ ਦਾ ਸਵਾਗਤ ਕੀਤਾ । ਇਸ ਤੋਂ ਬਾਅਦ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਗੁਰਦਿਆਲ ਦਲਾਲ ਦੇ ਨਾਟਕ 'ਬੁਲਡੋਜ਼ਰ' ਤੋਂ ਹੋਈ' । ਜਿਸ ਤੇ ਬਹੁਤ ਨਿੱਠ ਕੇ ਚਰਚਾ ਹੋਈ। ਇਸ ਤੋਂ ਬਾਅਦ



ਸਿਮਰਨ ਅਹਿਲਾਵਤ ਨੇ ਕਵਿਤਾ ' ਉਸ ਤੋਂ ਉੱਤੇ ਫਿਰ ਰੱਬ ਨਹੀਂ ਜਾਂਦਾ ' , ਪ੍ਰੀਤ ਸੰਦਲ ਨੇ ਕਵਿਤਾ ' ਭੁੱਲਦੇ ਭੁੱਲਦੇ ਭੁੱਲ ਗਏ ਅਸੀਂ ਵਿਚਾਰ ਭਗਤ ਸਿੰਘ ਦੇ ' , ਜ਼ੋਰਾਵਰ ਪੰਛੀ ਨੇ ਗ਼ਜ਼ਲ ' ਰਾਤ ਹੋਵਾ ਸਵੇਰ ਵੀ ਹੋਵਾ' , ਜਸਵੀਰ ਝੱਜ ਨੇ ਗ਼ਜ਼ਲ ' ਦਲ ਬਦਲੀ ਦਾ ਚੱਲਿਆ ਦੌਰ ' , ਬਲਵੰਤ ਮਾਂਗਟ ਨੇ ਗੀਤ ' ਮੈਂ ਇੱਕ ਸੁਪਨੇ ਵਿੱਚ ਇੱਕ ਸੁਪਨੇ ਨੂੰ ਦੇਖ ਲਿਆ ' ਤਰਨਵੀਰ ਤਰਨ ਨੇ ਗ਼ਜ਼ਲ ' ਮੈਂ ਮੈਂ ਨਹੀਂ ਕੋਈ ਹੋਰ ਹਾਂ ' , ਅਮਰਿੰਦਰ ਸੋਹਲ ਨੇ ਗ਼ਜ਼ਲ ' ਜ਼ਬਰ ਜ਼ੁਲਮ ਦੇ ਲਾਂਬੂ ਨਾਲ ਜੋ ਵੀ ਖਹਿ ਜਾਂਦਾ ਹੈ' , ਗੁਰਦੀਪ ਮਹੌਣ ਨੇ ਕਹਾਣੀ ' ਜਦੋਂ ਮੈਂ ਚਲੀ ਗਈ , ਸੁਰਿੰਦਰ ਰਾਮਪੁਰੀ ਨੇ ਕਹਾਣੀ ' ਟਾਹਣੀ ' , ਪੰਮੀ ਹਬੀਬ ਨੇ ਮਿੰਨੀ ਕਹਾਣੀ ' ਬੇਨਾਮ ' , ਗੁਰਚਰਨ ਮਾਂਗਟ ਨੇ ਕਹਾਣੀ ' ਓ. ਕੇ. ' , ਸੁਖਜੀਵਨ ਰਾਮਪੁਰੀ ਨੇ ਕਵਿਤਾ ' ਸਾਡਾ ਰੱਬ', ਪ੍ਰਭਜੋਤ ਰਾਮਪੁਰ ਨੇ ਕਵਿਤਾ ' ਫਿਰਦੀ ਅੱਖਾਂ ਭਰੀ ਜ਼ਿੰਦਗੀ ', ਹਰਜੋਤ ਸਿੰਘ ਨੇ ਕਵਿਤਾ ਖਿਆਲਾਂ ਦੀ ਕਬਰ ' , ਇੰਦਰਜੀਤ ਕੌਰ ਲੋਟੇ ਨੇ ਕਵਿਤਾ ' ਦੁਆ ਅਤੇ ਸਲਾਮ ' , ਭੁਪਿੰਦਰ ਡਿਉਟ ਨੇ ਮਿੰਨੀ ' ਲਿਖਣ ਦਾ ਮੁੱਲ ਅਤੇ ਅਨਿਲ ਫਤਿਹਗੜ੍ਹ ਜੱਟਾਂ ਨੇ ਕਵਿਤਾ ' ਉਹ ਫਿਰ ਆਏ ਨੇ ' ਸੁਣਾਈ। ਮੀਟਿੰਗ ਵਿੱਚ ਨੀਤੂ ਰਾਮਪੁਰ ਨੇ ਇੱਕ ਸਰੋਤ ਦੇ ਤੌਰ ਤੇ ਸ਼ਿਰਕਤ ਕੀਤੀ। ਅੰਤ ਵਿੱਚ ਸਭਾ ਵਲੋਂ ਲਿਖਾਰੀ ਮਨਜੀਤ ਸਿੰਘ , ਕਵੀ ਮੋਹਨਜੀਤ , ਲੇਖਕ ਹਰਬੰਸ ਹੀਉਂ , ਲੇਖਕਾਂ ਅਮਨਦੀਪ ਸ਼ਰਨਾ ਅਤੇ ਸਭਾ ਦੇ ਸਾਬਕਾ ਪ੍ਰਧਾਨ ਜਸਵੀਰ ਝੱਜ ਦੀ ਛੋਟੀ ਭੈਣ ਕਰਮਜੀਤ ਕੌਰ ਦੀ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਅ ਕੀਤਾ ਗਿਆ। ਸਭਾ ਦੀ ਕਾਰਵਾਈ ਸਭਾ ਦੇ ਸਕੱਤਰ ਬਲਵੰਤ ਮਾਂਗਟ ਦੁਆਰਾ ਬਹੁਤ ਭਾਵਪੂਰਨ ਤਰੀਕੇ ਨਾਲ ਨਿਭਾਈ ਗਈ। ਸਭਾ ਦੀ ਕਾਰਵਾਈ ਦੌਰਾਨ ਪ੍ਰਬੰਧਕੀ ਕੰਮਾਂ ਨੂੰ ਤਰਨਵੀਰ ਤਰਨ ਤੇ ਪ੍ਰਭਜੋਤ ਰਾਮਪੁਰ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ।

## ਫਤਿਹ ਜੱਥੇਬੰਦੀ ਵੱਲੋਂ ਗੁਰੂ ਹਰਸਹਾਏ ਵਿੱਚ ਇਸਤਰੀ ਵਿੰਗ ਦਾ ਗਠਨ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 9 ਮਈ : ਭਾਰਤੀ ਕਿਸਾਨ ਯੂਨੀਅਨ ਫਤਿਹ ਰਜਿ: ਜੱਥੇਬੰਦੀ ਵੱਲੋਂ ਸੂਬਾ ਪ੍ਰਧਾਨ ਮਾਸਟਰ ਹਰਜਿੰਦਰ ਸਿੰਘ ਹਰੀ ਨੌਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਡਾਕਟਰ ਰਮਨਦੀਪ ਕੌਰ ਬਰਾੜ ਜਿਲ੍ਹਾ ਪ੍ਰਧਾਨ ਇਸਤਰੀ ਵਿੰਗ ਫਰੀਦਕੋਟ ਦੀ ਯੋਗ ਅਗਵਾਈ ਹੇਠ ਬਲਾਕ ਗੁਰੂ ਹਰਸਹਾਏ ਬਲਾਕ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਇਸ ਮੌਕੇ ਡਾਕਟਰ



ਰਮਨਦੀਪ ਕੌਰ ਨੇ ਬੋਲਦਿਆਂ ਕਿਹਾ ਕਿ ਔਰਤਾਂ ਨੂੰ ਆਪਣੇ ਹੱਕਾਂ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਜੱਥੇਬੰਦਕ ਅਤੇ ਜਾਗਰੂਕ ਹੋਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਸਮਾਜ ਵਿੱਚ ਔਰਤ ਵਰਗ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਕੀਤਾ ਜਾ ਸਕੇ ਇਸ ਮੌਕੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਜਿਨ੍ਹਾਂ ਵਿੱਚ ਸੁਖਬੀਰ ਕੌਰ ਬਰਾੜ ਬਲਾਕ ਪ੍ਰਧਾਨ ਗੁਰੂ ਹਰਸਹਾਏ, ਗੁਰਮੀਤ ਕੌਰ ਸਿੱਧੂ ਐੱਮ ਸੀ ਬਲਾਕ ਜਨਰਲ ਸਕੱਤਰ, ਕੁਲਵਿੰਦਰ ਕੌਰ ਖਜਾਨਚੀ ਲਗਾਇਆ ਗਿਆ ਅਤੇ ਮੈਂਬਰਾਂ ਵਿੱਚ ਕਾਂਤਾ ਕੌਰ, ਚੰਨੋ ਦੇਵੀ, ਪ੍ਰਵੀਨ ਕੌਰ, ਕਿਰਨ ਬਾਲਾ, ਕਿਰਨਪਾਲ ਕੌਰ, ਸਿੰਮੀ, ਜੀਤ ਕੌਰ, ਪੂਨਮ ਦੇਵੀ, ਭੁਪਿੰਦਰ ਕੌਰ ਮਨਜੀਤ ਕੌਰ ਰੀਨਾ ਨੂੰ ਸ਼ਾਮਿਲ ਕੀਤਾ ਗਿਆ, ਹੋਰਨਾਂ ਤੋਂ ਇਲਾਵਾ ਸਤਿਨਾਮ ਕੌਰ ਮਾਈ ਗੋਦੜੀ ਫਰੀਦਕੋਟ ਅਤੇ ਜੱਥੇਬੰਦੀ ਦੇ ਸੀਨੀਅਰ ਕਿਸਾਨ ਆਗੂ ਮਨਜੀਤ ਸਿੰਘ ਫਰੀਦਕੋਟ ਆਦਿ ਹਾਜ਼ਰ ਸਨ